ਪੰਜਾਬ ਸਰਕਾਰ

ਮਾਲ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ

(ਮੁਰੱਬਾਬੰਦੀ ਸ਼ਾਖਾ)

ਅਧਿਸੂਚਨਾ

ਮਿਤੀ 16-12-2016

ਨੰ. 23/12/2016-ਮਬ.5/21095 ਪੰਜਾਬ ਰਾਜ ਦੇ ਪਿੰਡਾਂ ਵਿੱਚ ਲਾਲ ਲਕੀਰ ਅੰਦਰ ਰਹਿ ਰਹੇ ਨਿਵਾਸੀਆਂ ਨੂੰ ਉਨ੍ਹਾਂ ਦੇ ਕਬਜ਼ੇ ਅਧੀਨ ਖਾਲੀ ਜਗ੍ਹਾ ਜਾਂ ਮਕਾਨ ਦੀ ਮਾਲਕੀ ਦਾ ਪ੍ਰਮਾਣ-ਪੱਤਰ ਦੇਣ ਦਾ ਅਭਿਆਨ ਸ਼ੁਰੂ ਕੀਤਾ ਗਿਆ ਹੈ, ਕਿਉਂਕਿ ਉਨ੍ਹਾਂ ਪਾਸ ਪਹਿਲਾਂ ਉਨ੍ਹਾਂ ਦੇ ਕਬਜ਼ੇ ਹੇਠ ਪਲਾਟ / ਮਕਾਨ ਦਾ ਕੋਈ ਦਸਤਾਵੇਜ਼ ਸਬੂਤ ਨਹੀ ਹੈ। ਲੋਕ ਹਿੱਤ ਵਿੱਚ ਅਜਿਹੇ ਨਿਵਾਸੀਆਂ ਨੂੰ ਪ੍ਰਮਾਣ-ਪੱਤਰ ਦੇਣ ਲਈ ਨਿਮਨ-ਲਿਖਤ ਅਨੁਸਾਰ ਪ੍ਰਕ੍ਰਿਆ ਨਿਸ਼ਚਿਤ ਕੀਤੀ ਗਈ ਹੈ:-

ਪ੍ਰਕ੍ਰਿਆ:-

1. ਪ੍ਰਾਰਥੀ ਪ੍ਰਤੀਬੇਨਤੀ ਨਿਰਧਾਰਤ ਪ੍ਰੋਫਾਰਮੇ (ਅਨੁਲੱਗ 'ੳ') ਵਿੱਚ ਸਬੰਧਤ ਸੇਵਾ ਕੇਂਦਰ ਵਿੱਚ ਦੇ ਸਕਦਾ ਹੈ। ਸੇਵਾ ਕੇਂਦਰ ਵੱਲੋਂ ਇਹ ਪ੍ਰਤੀਬੇਨਤੀ ਉਸ ਦੇ ਖੇਤਰ ਅਧੀਨ ਆਉਂਦੇ ਤਹਿਸੀਲਦਾਰ ਨੂੰ ਭੇਜੀ ਜਾਵੇਗੀ। ਜੇਕਰ ਕਿਸੇ ਖੇਤਰ ਵਿੱਚ ਸੇਵਾ ਕੇਂਦਰ ਨਹੀ ਹੈ ਤਾਂ ਬਿਨੈਕਾਰ ਪ੍ਰਤੀਬੇਨਤੀ ਆਪਣੇ ਇਲਾਕੇ ਦੇ ਤਹਿਸੀਲਦਾਰ ਨੂੰ ਸਿੱਧੇ ਤੌਰ ਤੇ ਦੇਵੇਗਾ।

2. ਇਸ ਪ੍ਰਤੀਬੇਨਤੀ ਨਾਲ ਪ੍ਰਾਰਥੀ ਆਪਣੀ ਜ਼ਮੀਨ ਦਾ ਚਾਰੇ ਪਾਸੇ ਦਾ ਵਿਵਰਨ ਅਤੇ ਖੇਤਰਫਲ ਦਾ ਨਕਸ਼ਾ ਵੀ ਦੇਵੇਗਾ। ਪ੍ਰਾਰਥੀ ਪ੍ਰਤੀਬੇਨਤੀ ਨਾਲ ਆਪਣੇ ਹਸਤਾਖਰਾਂ ਸਹਿਤ ਦੋ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਲਗਾਏਗਾ।

3. ਪ੍ਰਾਰਥੀ ਦੇ ਪਾਸ ਉਕਤ ਜ਼ਮੀਨ ਦਾ ਕੋਈ ਵੀ ਦਸਤਾਵੇਜ਼ ਉਪਲੱਬਧ ਹੈ ਤਾਂ ਉਹ ਦਸਤਾਵੇਜ਼ ਆਪਣੇ ਹਸਤਾਖਰਾਂ ਸਹਿਤ ਤਜਵੀਜ਼ ਨਾਲ ਲਗਾਏਗਾ।

4. ਪ੍ਰਾਰਥੀ ਵੱਲੋਂ ਪੇਸ਼ ਕੀਤੀ ਜਾਣ ਵਾਲੀ ਤਜਵੀਜ਼/ ਪ੍ਰਤੀਬੇਨਤੀ ਨੂੰ ਹੇਠ ਲਿਖੇ ਕਿਸੇ ਦੋ ਨੁਮਾਇੰਦੀਆਂ ਤੋਂ ਤਸਦੀਕ ਕਰਵਾਈ ਜਾਵੇ:-

    ੳ) ਸਬੰਧਤ ਪਿੰਡ ਦੀ ਪੱਤੀ ਦੇ ਨੰਬਰਦਾਰ।

    ਅ) ਪਿੰਡ ਦੀ ਗਰਾਮ ਪੰਚਾਇਤ ਦਾ ਸਰਪੰਚ।

    ੲ) ਪ੍ਰਾਰਥੀ ਦੀ ਪਰਾਪਰਟੀ ਜਿਸ ਵਾਰਡ ਵਿੱਚ ਆਉਂਦੀ ਹੈ/ਰਹਿੰਦਾ ਹੈ, ਮੈਂਬਰ ਗਰਾਮ ਪੰਚਾਇਤ।

5. ਇਸ ਤਜਵੀਜ਼ਤ ਪ੍ਰਤੀਬੇਨਤੀ / ਦਸਤਾਵੇਜ਼ਾਂ ਦੀ ਪੜਤਾਲ ਤਹਿਸੀਲਦਾਰ ਵੱਲੋਂ ਕੀਤੀ ਜਾਵੇਗੀ। ਪੜਤਾਲ ਉਪਰੰਤ ਜੇਕਰ ਤਹਿਸੀਲਦਾਰ ਇਸ ਨੂੰ ਠੀਕ ਪਾਉਂਦਾ ਹੈ ਤਾਂ ਉਹ ਇਸ ਸਬੰਧ ਵਿੱਚ ਪ੍ਰਮਾਣ-ਪੱਤਰ ਨਿਰਧਾਰਤ ਪ੍ਰੋਫਾਰਮੇ (ਅਨੁਲੱਗ 'ਅ') ਵਿੱਚ ਜਾਰੀ ਕਰੇਗਾ।

    ਬਿਨੈਕਾਰ ਵੱਲੋਂ ਪੇਸ਼ ਕੀਤੇ ਗਏ ਤਸਦੀਕਸ਼ੁਦਾ ਦਸਤਾਵੇਜ਼ਾਂ ਨੂੰ ਸਹੀ ਮੰਨਿਆ ਜਾਵੇ ਜਦੋਂ ਤੱਕ ਕਿ ਉਨ੍ਹਾਂ ਦੇ ਉਲਟ ਕੋਈ ਹੋਰ ਸਬੂਤ ਨਾ ਹੋਣ। ਆਮ ਤੌਰ ਤੇ ਤਹਿਸੀਲਦਾਰ ਵੱਲੋਂ ਇਹ ਪੜਤਾਲ ਖੁਦ ਹੀ ਕੀਤੀ ਜਾਵੇ ਪਰ ਕੋਈ ਖਾਸ ਕਾਰਨਾਂ ਕਰਕੇ ਸਬੰਧਤ ਕਾਨੂੰਗੋ ਅਤੇ ਪਟਵਾਰੀ ਪਾਸੋਂ ਵੀ ਤਫਤੀਸ਼ ਕਰਵਾ ਸਕਦਾ ਹੈ ਅਤੇ ਉਪਰੋਕਤ ਸਾਰੀ ਕਾਰਵਾਈ ਦੀ ਫਾਈਲ ਬਣਾਈ ਜਾਵੇਗੀ।

6. ਇਹ ਸਾਰੀ ਕਾਰਵਾਈ ਪ੍ਰਤੀਬੇਨਤੀ ਪ੍ਰਾਪਤ ਹੋਣ ਦੇ ਤਿੰਨ ਹਫਤਿਆਂ ਦੇ ਅੰਦਰ-ਅੰਦਰ ਪੂਰੀ ਕਰਨੀ ਹੋਵੇਗੀ।

7. ਕੋਈ ਵੀ ਵਿਅਕਤੀ ਤਹਿਸੀਲਦਾਰ ਵੱਲੋਂ ਜਾਰੀ ਕੀਤੇ ਗਏ ਪ੍ਰਮਾਣ ਪੱਤਰ ਵਿਰੁੱਧ ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸ ਅਪੀਲ ਦਾਇਰ ਕਰ ਸਕੇਗਾ। ਉਪ ਮੰਡਲ ਮੈਜਿਸਟਰੇਟ ਇਹ ਅਪੀਲ ਪ੍ਰਾਰਥੀ ਨੂੰ ਸੁਣ ਕੇ ਇਸ ਅਪੀਲ ਦਾ ਨਿਪਟਾਰਾ ਕਰੇਗਾ। ਇਸ ਤੋਂ ਬਾਅਦ ਕੋਈ ਵੀ ਰਵੀਜ਼ਨ /

ਅਪੀਲ ਮਾਲ ਵਿਭਾਗ ਵਿੱਚ ਦਾਇਰ ਨਹੀਂ ਕੀਤੀ ਜਾ ਸਕੇਗੀ। ਇਸ ਤੋਂ ਬਾਅਦ ਪ੍ਰਾਰਥੀ ਕੇਵਲ ਸਬੰਧਤ ਸਿਵਲ ਕੋਰਟ ਵਿੱਚ ਹੀ ਅਪੀਲ ਦਾਇਰ ਕਰ ਸਕੇਗਾ।

ਕਰਨ ਬੀਰ ਸਿੰਘ ਸਿੱਧੂ
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਮਾਲ ਤੇ ਪੁਨਰਵਾਸ ਵਿਭਾਗ।

ਪਿੱਠ ਅੰਕਣ ਨੰ: 23/12/2016-ਮਬ.5/21095 ਚੰਡੀਗੜ੍ਹ, ਮਿਤੀ: 16-12-16

ਇੱਕ ਉਤਾਰਾ ਸਮੇਤ ਸਹਿ-ਪੱਤਰ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾ ਪੰਜਾਬ ਸਰਕਾਰ ਦੇ ਅਸਾਧਾਰਨ ਗਜ਼ਟ ਵਿੱਚ ਛਪਵਾਈ ਜਾਵੇ ਅਤੇ ਇਸ ਦੀਆਂ 200 ਕਾਪੀਆਂ ਇਸ ਵਿਭਾਗ ਨੂੰ ਦਫ਼ਤਰੀ ਵਰਤੋਂ ਲਈ ਭੇਜੀਆਂ ਜਾਣ।

ਅਧੀਨ ਸਕੱਤਰ ਮਾਲ (ਸ਼)

ਪਿੱਠ ਅੰਕਣ ਨੰ: 23/12/2016-ਮਬ.5/21095-21374 ਚੰਡੀਗੜ੍ਹ, ਮਿਤੀ: 16-12-16

ਇੱਕ-ਇੱਕ ਉਤਾਰਾ ਸਮੇਤ ਸਹਿ-ਪੱਤਰ ਹੇਠ ਦਰਸਾਇਆਂ ਨੂੰ ਸੂਚਨਾ/ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ।
2. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।
3. ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ ਪੰਜਾਬ, ਜਲੰਧਰ।
4. ਪੰਜਾਬ ਰਾਜ ਦੇ ਸਮੂਹ ਸਬ-ਡਵੀਜ਼ਨਲ ਮੈਜਿਸਟਰੇਟ।
5. ਪੰਜਾਬ ਰਾਜ ਦੇ ਸਮੂਹ ਤਹਿਸੀਲਦਾਰ/ ਨਾਇਬ ਤਹਿਸੀਲਦਾਰ

ਅਧੀਨ ਸਕੱਤਰ ਮਾਲ (ਸ਼)

ਇੱਕ-ਇੱਕ ਉਤਾਰਾ ਸਮੇਤ ਸਹਿ-ਪੱਤਰ ਹੇਠ ਦਰਸਾਇਆਂ ਨੂੰ ਸੂਚਨਾ/ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

ਅਧੀਨ ਸਕੱਤਰ ਮਾਲ (ਸ਼)

ਸੇਵਾ ਵਿਖੇ

1. ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ।
2. ਵਿਸ਼ੇਸ਼ ਸਕੱਤਰ / ਮਾਲ ਤੇ ਪੁਨਰਵਾਸ ਮੰਤਰੀ, ਪੰਜਾਬ।
3. ਨਿੱਜੀ ਸਕੱਤਰ/ ਵਧੀਕ ਮੁੱਖ ਸਕੱਤਰ ਮਾਲ, ਪੰਜਾਬ।
4. ਸਕੱਤਰ/ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ।
4. ✓ ਪ੍ਰੋਜੈਕਟ ਮੈਨੇਜਰ, ਪੀ.ਐਲ.ਆਰ.ਐਸ.
ਇਹ ਅਧਿਸੂਚਨਾ ਮਾਲ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕੀਤੀ ਜਾਵੇ।

ਅ: ਵਿ: ਪੱ: ਨੰ: 23/12/2016-ਮਬ.5/21375-79 ਚੰਡੀਗੜ੍ਹ, ਮਿਤੀ: 16-12-16

Page-2.